ਵਿਸ਼ਾ – ਪੰਜਾਬੀ ਜਮਾਤ – ਨੌਵੀਂ

## ਮੁੜ ਵੇਖਿਆ ਪਿੰਡ ( ਵਾਰਤਕ ਭਾਗ ) ਲੇਖਕ- ਬਲਰਾਜ ਸਾਹਨੀ



**ਪ੍ਰਸ਼ਨ- ਮੁੜ ਵੇਖਿਆ ਪਿੰਡ ਦਾ ਸਾਰ ਲਿਖੋ ।**

ਉੱਤਰ- 16 ਅਕਤੂਬਰ, 1962 ਨੂੰ ਲੇਖਕ ਬੱਸ ਵਿਚ ਆਪਣੀ ਜਨਮ ਭੂਮੀ ਵੇਖਣ ਲਈ ਭੇਰੇ ਨੂੰ ਤੁਰ ਪਿਆ । ਬੱਸ ਵਿਚ ਬੈਠੇ ਉਸਦੇ ਮਨ ਵਿਚ ਅਨੇਕਾਂ ਖਿਆਲ ਆ ਰਹੇ ਸਨ । ਰਾਹ ਵਿਚ ਪਿੰਡ ਭੁਲੇਵਾਲ ਅੱਡੇ ਉੱਤੇ ਬੱਸ ਨੇ ਪੌਣਾ ਘੰਟਾ ਰੁਕਣਾ ਸੀ , ਪਰ ਉਸਨੇ ਅੱਡੇ ਦੇ ਇਨਚਾਰਜ ਨੂੰ ਬੇਨਤੀ ਕੀਤੀ ਅਤੇ ਉਸਨੇ ਉਸਦੀ ਬੇਨਤੀ ਨੂੰ ਮੰਨਦਿਆਂ 15 ਮਿੰਟਾਂ ਦੇ ਅੰਦਰ ਹੀ ਬੱਸ ਤੋਰ ਦਿੱਤੀ । ਥੋੜੀ ਹੀ ਦੇਰ ਵਿੱਚ ਜਦੋਂ ਉਹ ਭੇਰੇ ਦੇ ਪਿੰਡ ਉਤਰਿਆ ਤਾਂ ਉਸਦੇ ਸਾਥੀ ਇਹ ਦੇਖ ਕੇ ਹੈਰਾਨ ਰਹਿ ਗਏ ਕਿ ਉਸਨੂੰ ਹਰ ਗਲੀ ਯਾਦ ਸੀ । ਬਲੋਚੀ ਦਰਵਾਜ਼ੇ ਦੇ ਅੰਦਰ ਵੜਦਿਆਂ ਹੀ ਲੇਖਕ ਦੀ ਪਹਿਲੀ ਜਾਣ-ਪਛਾਣ ਭੇਰੇ ਦੀਆਂ ਖੁਸ਼ਬੂਆਂ ਨਾਲ ਹੋਈ । ਫਿਰ ਉਹ ਥਾਣੇ ਪੁੱਜਾ । ਇਨਸਪੇਕਟਰ ਨੇ ਉਸਦੇ ਆਉਣ ਅਤੇ ਵਾਪਸੀ ਨੂੰ ਇੱਕੋ ਸਮੇਂ ਪਾਸਪੋਰਟ ਵਿੱਚ ਦਰਜ ਕਰ ਦਿੱਤਾ । ਇੱਥੋਂ ਲੇਖਕ ਸਿੱਧਾ ਆਪਣੇ ਮੁਹੱਲੇ ਵਲ ਦੌੜਿਆ । ਲੇਖਕ ਨੂੰ ਯਾਦ ਸੀ ਕਿ ਉਨ੍ਹਾਂ ਦੀ ਗਲੀ ਦੀ ਨੁੱਕਰ ਉੱਤੇ ਇਕ ਖੂਹ ਹੁੰਦਾ ਸੀ ।

ਉਸਨੂੰ ਆਪਣੀ ਗਲੀ ਦੀ ਨੁੱਕਰ ਵਾਲਾ ਖੂਹ ਤਾਂ ਲੱਭ ਗਿਆ , ਪਰ ਗਲੀ ਨਾ ਲੱਭੀ । ਲੇਖਕ ਪੁੱਛਦਾ ਹੋਇਆ ਚੌਧਰੀ ਗ਼ੁਲਾਮ ਮੁਹੰਮਦ ਦੇ ਘਰ ਪੁੱਜਾ , ਜੋ ਕਿ ਲੇਖਕ ਦੇ ਦਾਦੇ-ਪੋਤਰਾ ਭਰਾ ਸੀ, ਪਰ ਉਹ ਵੰਡ ਪਿੱਛੋਂ ਮੁਸਲਮਾਨ ਬਣ ਗਿਆ ਸੀ । ਲੇਖਕ ਨੇ ਉਸਨੂੰ ਆਪਣੇ ਬਾਰੇ ਜਾਣ-ਪਛਾਣ ਕਰਾਈ , ਤਾਂ ਉਹ ਉਸਦੇ ਪਿਤਾ ਦਾ ਨਾਂ ਸੁਣਦਿਆਂ ਹੀ ਉਸਦੇ ਗਲ ਲੱਗ ਕੇ ਰੋਣ ਲੱਗ ਪਿਆ । ਉਸਤੋਂ ਲੇਖਕ ਨੂੰ ਆਪਣੇ ਘਰ ਬਾਰੇ ਪਤਾ ਨਾ ਲੱਗਾ । ਚੌਧਰੀ ਸਾਹਿਬ ਨੇ ਮੁੰਡੇ ਨੂੰ ਭੇਜ ਕੇ ਇਕ ਸੱਤਰ ਕੁ ਸਾਲ ਦੇ ਬੁੱਢੇ ਦੋਸਤ ਮੁਹੰਮਦ ਖ਼ਾਂ ਨੂੰ ਬੁਲਾਇਆ , ਪਰ ਉਹ ਵੀ ਲੇਖਕ ਦਾ ਘਰ ਭੁੱਲ ਚੁੱਕਾ ਸੀ ।

ਅਖ਼ੀਰ ਸਿਕੰਦਰ ਚਾਹ ਤਿਆਰ ਹੋਣ ਤੱਕ ਲੇਖਕ ਨੂੰ ਬਾਹਰ ਲੈ ਗਿਆ । ਅਚਾਨਕ ਲੇਖਕ ਦੀ ਨਜ਼ਰ ਇਕ ਘਰ ਦੇ ਵਿਹੜੇ ਵਿਚ ਪਈ । ਲੇਖਕ ਨੂੰ ਯਾਦ ਆਇਆ ਕਿ ਉਹ ਇਸ ਘਰ ਦੇ ਵਿਹੜੇ ਵਿਚ ਖੇਡਦਾ ਹੁੰਦਾ ਸੀ । ਪੌੜੀਆਂ ਕੋਲ ਇਕ ਗਰੀਬੜਾ ਜਿਹਾ ਆਦਮੀ ਚਾਦਰ ਲੈ ਕੇ ਲੰਮਾ ਪਿਆ ਸੀ । ਉਸਨੇ ਲੇਖਕ ਨੂੰ ਅੰਦਰ ਆਉਣ ਤੇ ਕੋਠੇ ਉੱਪਰ ਚੜ੍ਹਣ ਦੀ ਆਗਿਆ ਦੇ ਦਿੱਤੀ । ਆਗਿਆ ਲੈ ਕੇ ਲੇਖਕ ਅੰਦਰ ਵੜਿਆ ਤੇ ਉਸਨੂੰ ਘਰ ਦਾ ਸੁਫ਼ਾ ਤੇ ਰਸੋਈ ਦਿਸ ਪਏ । ਉਹ ਉਸ ਕਮਰੇ ਨੂੰ ਦੇਖ ਕੇ ਚੀਕ ਪਿਆ , ਜਿੱਥੇ ਉਸਦੀ ਭੈਣ ਦੀ ਕੁੜਮਾਈ ਹੋਈ ਸੀ ਤੇ ਹੁਣ ਉਹ ਮਰ ਚੁੱਕੀ ਸੀ । ਉਹ ਰੋਂਦਾ ਹੋਇਆ ਡਿੱਗ ਪਿਆ ਤੇ ਲੋਕ ਉਸਨੂੰ ਹੌਂਸਲਾ ਦੇਣ ਲਈ ਆਏ ।

## ★ ਸੰਖੇਪ ਉੱਤਰ ਵਾਲੇ ਪ੍ਰਸ਼ਨ ★

**ਪ੍ਰਸ਼ਨ - ਲੇਖਕ ਭੇਰੇ ਜਾਣ ਲਈ ਕਿਉਂ ਉਤਾਵਲਾ ਸੀ ?**

ਉੱਤਰ - ਕਿਉਂਕਿ ਦੇਸ਼ ਦੀ ਵੰਡ ਤੋਂ ਪਹਿਲਾਂ ਇੱਥੇ ਉਸਨੇ ਆਪਣਾ ਬਚਪਨ ਗੁਜ਼ਾਰਿਆ ਸੀ ਤੇ ਇੱਥੇ ਉਸਦਾ ਜੱਦੀ ਘਰ ਸੀ ।

**ਪ੍ਰਸ਼ਨ - ਬੱਸ ਅੱਡੇ ਦਾ ਪ੍ਰਬੰਧਕ ਤੇ ਥਾਣੇ ਦਾ ਇਸਨਪੈਕਟਰ ਲੇਖਕ ਨਾਲ ਕਿਵੇਂ ਪੇਸ਼ ਆਏ ?**

ਉੱਤਰ - ਬੱਸ ਅੱਡੇ ਦਾ ਪ੍ਰਬੰਧਕ ਅਤੇ ਥਾਣੇ ਦਾ ਇਨਸਪੈਕਟਰ ਲੇਖਕ ਨਾਲ ਬੜੀ ਹਮਦਰਦੀ ਅਤੇ ਪਿਆਰ ਨਾਲ ਪੇਸ਼ ਆਏ । ਉਨ੍ਹਾਂ ਨੇ ਲੇਖਕ ਦੇ ਸੁਖ ਤੇ ਭਾਵਨਾਵਾਂ ਦਾ ਪੂਰਨ ਖ਼ਿਆਲ ਰੱਖਿਆ ।

**ਪ੍ਰਸ਼ਨ - ਭੇਰਾ ਸ਼ਹਿਰ ਵਿਚ ਖ਼ੁਖਰਾਨ ਬਰਾਦਰੀ ਵਾਲਿਆਂ ਦੇ ਕਿਹੜੇ-ਕਿਹੜੇ ਮੁਹੱਲੇ ਸਨ ?**

ਉੱਤਰ - ਭੇਰਾ ਸ਼ਹਿਰ ਵਿਚ ਖੁਖ਼ਰਾਨ ਬਰਾਦਰੀ ਵਾਲਿਆਂ ਦੇ ਅਲੱਗ-ਅਲੱਗ ਮੁਹੱਲੇ ਸਨ । ਸਾਹਨੀਆਂ ਦਾ ਮੁਹੱਲਾ, ਅਨੰਦਾਂ ਦਾ ਮੁਹੱਲਾ ਤੇ ਕੋਹਲੀਆਂ ਦਾ ਮੁਹੱਲਾ ਆਦਿ।

ਪ੍ਰਸ਼ਨ - “ ਕੀ ਕਰਾਂ ਮਿੱਟੀ ਖਿੱਚ ਲਿਆਈ ਏ ।“ ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

ਉੱਤਰ - ਇਹ ਸ਼ਬਦ ‘ਮੁੜ ਵੇਖਿਆ ਪਿੰਡ’ ਲੇਖ ਵਿਚ ਬਲਰਾਜ ਸਾਹਨੀ ਨੇ ਭੁੱਲੋਵਾਲ ਬੱਸ ਅੱਡੇ ਦੇ ਮੁੰਤਜ਼ਿਮ ਨੂੰ ਕਹੇ ।

ਪ੍ਰਸ਼ਨ - ਲੇਖਕ ਨੇ ਆਪਣੀ ਗਲੀ ਦਾ ਜੋ ਨਕਸ਼ਾ ਖਿੱਚਿਆ ਹੈ, ਉਸ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ ।

ਉੱਤਰ - ਲੇਖਕ ਦੀ ਗਲੀ ਦੀ ਨੁੱਕਰ ਉੱਤੇ ਇਕ ਖੂਹ ਹੁੰਦਾ ਸੀ । ਵੰਡ ਤੋਂ ਪਹਿਲਾਂ ਖੂਹ ਦੇ ਸਾਹਮਣੇ ਉਸ ਦੇ ਚਾਚੇ ਦਾ ਘਰ ਸੀ । ਲੇਖਕ ਦੇ ਚਾਚੇ ਦੇ ਘਰ ਦਾ ਦਰਵਾਜ਼ਾ ਪੁਰਾਣੀ ਕਿਸਮ ਦਾ ਸੀ, ਜਿਸ ਦੀ ਲੱਕੜੀ ਉੱਪਰ ਬਿਹਤਰੀਨ ਚੋਬਕਾਰੀ ਦਾ ਕੰਮ ਹੋਇਆ ਸੀ ।

ਪ੍ਰਸ਼ਨ - ਚੌਧਰੀ ਗ਼ੁਲਾਮ ਮੁਹੰਮਦ ਦਾ ਲੇਖਕ ਨਾਲ ਕੀ ਰਿਸ਼ਤਾ ਸੀ ?

ਉੱਤਰ - ਚੌਧਰੀ ਗ਼ੁਲਾਮ ਮੁਹੰਮਦ ਅਤੇ ਲੇਖਕ ਇੱਕੋ ਦਾਦੇ ਦੇ ਪੋਤਰੇ ਸਨ, ਪਰ ਵੰਡ ਤੋਂ ਮਗਰੋਂ ਗ਼ੁਲਾਮ ਮੁਹੰਮਦ ਮੁਸਲਮਾਨ ਬਣ ਗਿਆ ਸੀ, ਪਰ ਲੇਖਕ ਹਿੰਦੂ ਰਹਿ ਗਿਆ ਸੀ ।

ਪ੍ਰਸ਼ਨ - ਆਪਣਾ ਘਰ ਦੇਖ ਕੇ ਲੇਖਕ ਆਪਾ ਕਿਉਂ ਖੋ ਬੈਠਾ ?

ਉੱਤਰ - ਕਿਉਂਕਿ ਉਸ ਨਾਲ ਉਸ ਦੇ ਬਚਪਨ ਦੀਆਂ ਯਾਦਾਂ ਜੁੜੀਆਂ ਸਨ । ਇੱਥੇ ਉਹ ਆਪਣੀ ਮਰ ਚੁੱਕੀ ਭੈਣ ਨੂੰ ਯਾਦ ਕਰ ਕੇ ਰੋਣ ਲੱਗ ਪਿਆ, ਜਿਸ ਦੀ ਕਿ ਉੱਥੇ ਕੁੜਮਾਈ ਹੋਈ ਸੀ ।

## ★ ਵਸਤੂਨਿਸ਼ਠ ਪ੍ਰਸ਼ਨ ★

ਪ੍ਰਸ਼ਨ - 'ਮੁੜ ਵੇਖਿਆ ਪਿੰਡ' ਕਿਸ ਦੀ ਰਚਨਾ ਹੈ ?

ਉੱਤਰ - ਬਲਰਾਜ ਸਾਹਨੀ ।

ਪ੍ਰਸ਼ਨ - ਲੇਖਕ ਕਿਸ ਤਾਰੀਖ ਨੂੰ ਭੇਰੇ ਗਿਆ ?

ਉੱਤਰ - 16 ਅਕਤੂਬਰ, 1962 ਨੂੰ ।

ਪ੍ਰਸ਼ਨ - ਲੇਖਕ ਅਨੁਸਾਰ ਪੌਣਾ ਘੰਟਾ ਬੱਸ ਕਿੱਥੇ ਰੁਕਣੀ ਸੀ ?

ਉੱਤਰ - ਭੁੱਲੋਵਾਲ ਦੇ ਅੱਡੇ ਉੱਤੇ ।

ਪ੍ਰਸ਼ਨ - ਰੇਲਵੇ ਸਟੇਸ਼ਨ ਤੋਂ ਭੇਰੇ ਆਉ, ਤਾਂ ਸਭ ਤੋਂ ਪਹਿਲਾਂ ਕਿਹੜਾ ਮੁਹੱਲਾ ਆਉਂਦਾ ਹੈ ?

ਉੱਤਰ - ਸਾਹਨੀਆਂ ਦਾ ਮੁਹੱਲਾ ।

ਪ੍ਰਸ਼ਨ - ਭੇਰੇ ਵਿਚ ਲੇਖਕ ਦੀ ਗਲੀ ਦੀ ਨੁੱਕਰ 'ਤੇ ਕੀ ਹੁੰਦਾ ਸੀ ?

ਉੱਤਰ - ਖੂਹ ।

ਪ੍ਰਸ਼ਨ - ਕੌਣ ਲੇਖਕ ਦਾ ਦਾਦੇ-ਪੋਤਰਾ ਭਰਾ ਸੀ ?

ਉੱਤਰ - ਚੌਧਰੀ ਗ਼ੁਲਾਮ ਮੁਹੰਮਦ ।

ਪ੍ਰਸ਼ਨ - ਚੌਧਰੀ ਗ਼ੁਲਾਮ ਮੁਹੰਮਦ ਦੇ ਬੁੱਢੇ ਦੋਸਤ ਦਾ ਕੀ ਨਾਂ ਸੀ ?

ਉੱਤਰ - ਦੋਸਤ ਮੁਹੰਮਦ ।

ਪ੍ਰਸ਼ਨ - ਲੇਖਕ ਕਿੰਨੇ ਸਾਲਾਂ ਬਾਅਦ ਆਪਣਾ ਪਿੰਡ ਵੇਖਣ ਗਿਆ ?

ਉੱਤਰ - ਚਾਲੀ ਸਾਲਾਂ ਬਾਅਦ ।

ਪ੍ਰਸ਼ਨ - ਲੇਖਕ ਆਪਣੇ ਘਰ ਵਿਚ ਜਾ ਕੇ ਕਿਸ ਨੂੰ ਯਾਦ ਕਰ ਰੋਣ ਲੱਗ ਪਿਆ ?

ਉੱਤਰ - ਆਪਣੀ ਭੈਣ ਨੂੰ ।



ਤਿਆਰ ਕਰਤਾ –

ਰਾਮਕੁਮਾਰ ਵਰਮਾ ( ਪੰਜਾਬੀ ਮਾਸਟਰ )

ਮੋਬਾਇਲ – 75087-27529

ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਪੰ. ਰਣ ਸਿੰਘ ।